ਵੱਲ ਐਮ.ਐਚ.ਏ, ਹੋਮ ਡਿਪਾਰਟਮੈਂਟ, ਪੰਜਾਬ , ਡੀ.ਜੀ.ਪੀ/ਪੰਜਾਬ, ਏ.ਡੀ.ਜੀ.ਪੀ ਸਿਕਉਰਟੀ, ਏ.ਡੀ.ਜੀ.ਪੀ ਉਪਰੇਸ਼ਨ , ਏ.ਡੀ.ਜੀ.ਪੀ ਲਾਅ ਐਡਂ ਆਰਡਰ ਪੰਜਾਬ ਚੰਡੀਗੜ੍ਹ
ਆਈ.ਜੀ.ਪੀ ਕਰਾਈਮ, ਆਈ.ਜੀ.ਪੀ ਉਪਰੇਸ਼ਨ, ਆਈ.ਜੀ.ਪੀ ਇੰਟੀਲੀਜੈਂਸ , ਪੀ.ਪੀ.ਸੀ.ਆਰ ਚੰਡੀਗੜ੍ਹ,

ਕਾਪੀ ਡਿਪਟੀ ਇੰਸਪੈਕਟਰ ਜਰਨਲ ਆਫ ਪੁਲਿਸ ਫ਼ਿਰੋਜ਼ਪੁਰ ਰੇਜਂ ਫਿਰੋਜ਼ਪੁਰ ਕੈਂਟ,ਸੀਨੀਅਰ ਪੁਲਿਸ ਕਪਤਾਨ ਫਿਰੋਜ਼ਪੁਰ,ਐਸ.ਪੀ (ਸ),ਐਸ.ਪੀ (ਇਨਵੈਸਟੀਗੇਸ਼ਨ),ਐਸ.ਪੀ (ਉਪਰੇਸ਼ਨ) ,ਐਸ.ਪੀ (ਪੀ.ਬੀ.ਆਈ) ਫਿਰੋਜ਼ਪੁਰ
ਡੀ.ਐਸ.ਪੀ/ਸਿਟੀ,ਡੀ.ਐਸ.ਪੀ/ਡਿਟੈਕਟਿਵ, ਡੀ.ਐਸ.ਪੀ/ਸਬ ਡਿਵੀਜਨ, ਡੀ.ਐਸ.ਪੀ/ਹੈਡੱ ਕੁਆਟਰ, ਡੀ.ਐਸ.ਪੀ (ਸਪੈਸ਼ਲ ਬ੍ਰਾਂਚ), ਡੀ.ਐਸ.ਪੀ (ਐਨ.ਡੀ.ਪੀ.ਐਸ), ਡੀ.ਐਸ.ਪੀ (ਸਪੈਸ਼ਲ ਕਰਾਈਮ) ਡੀ.ਐਸ.ਪੀ/ਜੀਰਾ, ਡੀ.ਐਸ.ਪੀ/ਗੁਰੂਹਰਸਹਾਏ

ਵੱਲੋ ਪੁਲਿਸ ਕੰਟਰੋਲ ਰੂਮ ਫਿਰੋਜ਼ਪੁਰ

ਨੰਬਰ 1372-87 ਪੀ.ਸੀ.ਆਰ ਫਿਰੋਜ਼ਪੁਰ ਮਿਤੀ :- 11.02.2022

ਵਿਸ਼ਾ ਰੋਜਾਨਾ ਕਰਾਈਮ ਰਿਪੋਰਟ ਜਿਲਾ ਫਿਰੋਜ਼ਪੁਰ ਮਿਤੀ :- 10.02.2022

| ਲੜੀ ਨੰ: | ਥਾਣੇ ਦਾ ਨਾਮ | ਮੁੱਕਦਮਾ ਨੰਬਰ, ਮਿਤੀ ਤੇ ਜੁਰਮ | ਘਟਨਾ ਦਾ ਸਮਾਂ, ਤਰੀਖ ਤੇ ਵਕੂਆ | ਮੁੱਦਈ ਦਾ ਪੂਰਾ ਪਤਾ, ਉਮਰ ਤੇ ਮੋਬਾਇਲ ਨੰਬਰ, | ਦੋਸ਼ੀ ਦਾ ਨਾਮ ਤੇ ਪੂਰਾ ਪਤਾ | ਦੋਸ਼ੀ ਗ੍ਰਿਫਤਾਰ ਹੈ ਜਾਂ ਨਹੀ | ਹਸਪਤਾਲ ਦਾ ਨਾਮ ਜਿੱਥੇ ਜਖ਼ਮੀ ਵਿਅਕਤੀ ਦਾਖਲ ਹੈ | ਪੀੜਤ ਦੀ ਉਮਰ ਅਗਵਾ, ਬਲਾਤਕਾਰ ਬਦਫੈਲੀ ਕੇਸਾਂ ਵਿੱਚ | ਸੰਖੇਪ ਹਲਾਤ | ਬਰਾਮਦਗੀ ਜੇਕਰ ਕੋਈ ਹੋਵੇ । | ਤਫਤੀਸ਼ੀ ਅਫ਼ਸਰ ਦਾ ਮੋ/ਨੰ: |
|---|---|---|---|---|---|---|---|---|---|---|---|
| 1 | ਮੱਖੂ | 26/10.02.2022 ਅ/ਧ 304-ਏ/279/427 ਆਈ.ਪੀ.ਸੀ | 01.00 ਪੀ.ਐਮ 10.02.2022 ਬਾਹੱਦ ਰਕਬਾ ਕੁੱਸੂ ਵਾਲਾ ਮੋੜ ਥਾਣਾ ਮੱਖੂ | ਕਸ਼ਮੀਰ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀ ਮੁੰਡੀ ਛੁਰੀ ਮਾਰਾਂ (ਕੁੱਸੂ ਵਾਲਾ ਮੋੜ) ਥਾਣਾ ਮੱਖੂ, ਫਿਰੋਜ਼ਪੁਰ 34 ਸਾਲ 98-150-19-868 | ਨਾਮਲੂਮ ਕਾਰ ਡਰਾਇਵਰ ਕਾਰ ਆਈ-20 PB-07-A-5680 | ਨਹੀਂ | ਸਿਵਲ ਹਸਪਤਾਲ ਮੱਖੂ | - | ਮਿਤੀ 10.02.2022 ਨੂੰ ਮੁੱਦਈ ਦਾ ਭਤੀਜਾ ਗੁਰਪ੍ਰੀਤ ਸਿੰਘ ਪੁੱਤਰ ਲੇਟ ਗੁਰਮੀਤ ਸਿੰਘ ਤੇ ਭਰਜਾਈ ਰੇਸ਼ਮਾ ਮੋਟਰਸਾਇਕਲ ਪਰ ਸਵਾਰ ਹੋ ਕੇ ਮੁੱਦਈ ਦੇ ਅੱਗੇ ਅੱਗੇ ਮੱਖੂ ਵੱਲ ਜਾ ਰਹੇ ਸੀ, ਤਾਂ ਪਿੱਛੋ ਇੱਕ ਕਾਰ ਜਿਸ ਨੂੰ ਕੋਈ ਨਾਮਲੂਮ ਵਿਅਕਤੀ ਤੇਜ਼ ਰਫ਼ਤਾਰ ਤੇ ਲਾਪਰਵਾਹੀ ਨਾਲ ਚਲਾ ਰਿਹਾ ਸੀ, ਨੇ ਗੁਰਪ੍ਰੀਤ ਸਿੰਘ ਹੋਰਾਂ ਦੇ ਮੋਟਰਸਾਇਕਲ ਵਿੱਚ ਮਾਰੀ । ਇਸ ਹਾਦਸੇ ਵਿੱਚ ਮੁੱਦਈ ਦੇ ਭਤੀਜੇ ਗੁਰਪ੍ਰੀਤ ਸਿੰਘ ਤੇ ਭਰਜਾਈ ਰੇਸ਼ਮਾਂ ਦੇ ਸੱਟਾਂ ਲੱਗੀਆਂ ਤੇ ਮੋਟਰਸਾਇਕਲ ਨੁਕਸਾਨਿਆ ਗਿਆ ਤੇ ਕਾਰ ਡਰਾਇਵਰ ਮੋਕਾ ਤੋਂ ਫਰਾਰ ਹੋ ਗਿਆ । ਮੁੱਦਈ ਦੀ ਭਰਜਾਈ ਰੇਸ਼ਮਾ ਦੀ ਸਿਵਲ ਹਸਪਤਾਲ ਵਿਖੇ ਦੋਰਾਨੇ ਇਲਾਜ਼ ਮੌਤ ਹੋ ਗਈ ਤੇ ਭਤੀਜਾ ਗੁਰਪ੍ਰੀਤ ਸਿੰਘ ਜੇਰੇ ਇਲਾਜ਼ ਹੈ । | - | ਸਬ ਇੰਸ: ਨਰਪਿੰਦਰਪਾਲ ਸਿੰਘ 70-874 11-177 |
| 2 | ਮੱਲਾਂ ਵਾਲਾ | 25/10.02.2022 ਅ/ਧ 363/366-ਏ/ 120-ਬੀ ਆਈ.ਪੀ.ਸੀ | 01.00 ਪੀ.ਐਮ 02.02.2022 ਬਾਹੱਦ ਰਕਬਾ ਵਾਰਡ ਨੰਬਰ 1 ਬਸਤੀ ਦੂਲਾ ਸਿੰਘ ਵਾਲੀ, ਮੱਲਾਂ ਵਾਲਾ | ਜੀਤੋ ਪਤਨੀ ਯੋਧਾ ਵਾਸੀ ਵਾਰਡ ਨੰਬਰ 1 ਬਸਤੀ ਦੁਲਾ ਸਿੰਘ ਵਾਲੀ ਥਾਣਾ ਮੱਲਾਂ ਵਾਲਾ ਜਿਲਾ ਫਿਰੋਜ਼ਪੁਰ 45 ਸਾਲ 76-962-12-594 | 1) ਗੁਰਪ੍ਰੀਤ ਸਿੰਘ ਗੋਰਾ ਪੁੱਤਰ ਜੋਗਿੰਦਰ ਸਿੰਘ 2) ਸੁੱਖਾ ਪੁੱਤਰ ਜੋਗਿੰਦਰ ਸਿੰਘ ਵਾਸੀਅਨ ਵਾਰਡ ਨੰਬਰ 1 ਬਸਤੀ ਦੁਲਾ ਸਿੰਘ ਵਾਲੀ ਥਾਣਾ ਮੱਲਾਂ ਵਾਲਾ, ਫਿਰੋਜ਼ਪੁਰ | ਨਹੀਂ | - | 14-15 ਸਾਲ | ਮੁੱਦਈ ਦੀ ਲੜਕੀ ਗੀਤਾ ਉਮਰ 14-15 ਸਾਲ ਜੋ ਮੱਲਾਂ ਵਾਲਾ ਵਿਖੇ ਲੋਕਾਂ ਦੇ ਘਰਾਂ ਵਿੱਚ ਸਫਾਈ ਦਾ ਕੰਮ ਕਾਰ ਕਰਦੀ ਹੈ, ਮਿਤੀ 02.02.2022 ਨੂੰ ਰੋਜ਼ਾਨਾ ਦੀ ਤਰ੍ਹਾਂ ਗੀਤਾ ਸਫਾਈ ਕਰਨ ਗਈ ਸੀ, ਪਰ ਵਾਪਿਸ ਘਰ ਨਹੀਂ ਆਈ, ਜਿਸ ਦੀ ਭਾਲ ਕਰਨ ਤੇ ਨਹੀਂ ਮਿਲੀ । ਮੁੱਦਈਆ ਹੋਰਾਂ ਵੱਲੋਂ ਆਪਣੇ ਤੋਰ ਤੇ ਭਾਲ ਕਰਨ ਤੇ ਪਤਾ ਲੱਗਾ ਹੈ ਕਿ ਦੋਸ਼ੀ ਗੁਰਪ੍ਰੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਆਪਣੇ ਭਰਾ ਸੁੱਖਾ ਦੀ ਮਦਦ ਨਾਲ ਗੀਤਾ ਨੂੰ ਵਿਆਹ ਦਾ ਝਾਂਸਾ ਦੇ ਕੇ ਵਰਗਲਾ ਕੇ ਭਜਾ ਕੇ ਲੈ ਗਿਆ ਹੈ । | - | ਸਬ ਇੰਸ: ਕੁਲਵਿੰਦਰ ਕੌਰ 97-800 22-860 |
| 3 | ਗੁਰੂਹਰਸਹਾਏ | 39/10.02.2022 ਅ/ਧ 354-ਏ/354-ਡੀ/ 509 ਆਈ.ਪੀ.ਸੀ | 01.06.2020 ਤੋਂ 10.02.2022 ਤੱਕ ਪਿੰਡ ਵਾਸਲ ਮੋਹਨ ਕੇ (ਗੋਲੂ ਕਾ ਮੋੜ) | ਗੁਰਪਿੰਦਰ ਕੌਰ ਪੁੱਤਰੀ ਨਿਸ਼ਾਨ ਸਿੰਘ ਵਾਸੀ ਪਿੰਡ ਵਾਸਲ ਮੋਹਨ ਕੇ (ਗੋਲੂ ਕਾ ਮੋੜ) ਜਿਲਾ ਫਿਰੋਜ਼ਪੁਰ 25 ਸਾਲ 80-545-51-851 | 1) ਕਰਨਵੀਰ ਸਿੰਘ ਪੁੱਤਰ ਦਰਬਾਰਾ ਸਿੰਘ 2) ਗੁਰਮੀਤ ਕੌਰ ਪੁੱਤਰ ਦਰਬਾਰਾ ਸਿੰਘ 3) ਦਰਬਾਰਾ ਸਿੰਘ ਪੁੱਤਰ ਨਾਮਲੂਮ 4) ਪਹਿਲਵਾਨ ਸਿੰਘ ਪੁੱਤਰ ਨਾਮਲੂਮ ਵਾਸੀ ਪਿੰਡ ਨੰਗਲ ਤਹਿ: ਡੇਹਲੋਂ ਜਿਲਾ ਲੁਧਿਆਣਾ | ਨਹੀਂ | - | - | ਮੁੱਦਈਆ ਗੁਰਪਿੰਦਰ ਕੌਰ ਨੂੰ ਕਰਨਵੀਰ ਸਿੰਘ ਅਰਸਾ ਕ੍ਰੀਬ ਡੈਢ ਸਾਲ ਪਹਿਲਾਂ ਟਿੱਕ ਟੋਕ ਤੇ ਉਸਦੀ ਆਈ.ਡੀ ਪਰ ਮੈਸਜ ਭੇਜਦਾ ਸੀ ਤੇ ਕਹਿੰਦਾ ਸੀ ਕਿ ਉਸ ਪਾਸ ਉਸਦੀਆਂ ਫੋਟੋਆਂ ਅਤੇ ਵੀਡੀਉ ਪਈਆਂ ਹਨ, ਉਹ ਵਾਇਰਲ ਕਰ ਦੇਣੀਆਂ ਹਨ, ਜੂਨ 2020 ਵਿੱਚ ਜਦੋਂ ਟਿੱਕ ਟੋਕ ਬੈਨ ਹੋ ਗਿਆ ਤਾਂ ਉਸਤੋਂ ਬਾਅਦ ਦੋਸ਼ੀ ਕਰਨਵੀਰ ਸਿੰਘ ਨੇ ਆਪਣੇ ਵਟਸਐਪ ਨੰਬਰ 98727-49167 ਤੋਂ ਮੁੱਦਈਆ ਦੇ ਵਟਸਐਪ ਨੰਬਰ 77194-22306 ਤੇ ਫੋਨ ਕਰਨਾ ਤੇ ਟੈਕਸਟ ਮੈਸਜ ਕਰਨਾ ਸ਼ੁਰੂ ਕਰ ਦਿੱਤਾ ਫਿਰ ਦੋਸ਼ੀ ਨੇ ਦਰਖਾਸਤੀ ਦੀ ਆਈ ਡੀ ਪਰ ਉਸਦਾ ਪਤਾ ਦੇਖ ਕੇ ਪਿੰਡ ਵਾਸਲ ਮੋਹਨ ਕੇ ਆਇਆ ਤੇ ਉਹਨਾਂ ਦੇ ਘਰ ਦੇ ਨੇੜੇ ਦੁਕਾਨਾਂ ਦੀਆਂ ਫੋਟੋਆਂ ਖਿੱਚ ਕੇ ਲੈ ਗਿਆ ਤੇ ਮੁੱਦਈਆ ਨੂੰ ਫੋਟੋਆਂ ਭੇਜ ਕੇ ਧਮਕੀਆਂ ਦੇਣ ਲੱਗ ਪਿਆ ਕਿ ਉਹ ਉਸ ਨਾਲ ਸਰੀਰਿਕ ਸੰਬਧ ਬਣਾਵੇ ਨਹੀਂ ਉਸਦੀਆਂ ਫੋਟੋਆਂ ਅਤੇ ਵੀਡੀਉ ਕਲਿੱਪ ਵਾਇਰਲ ਕਰਕੇ ਉਸਦੇ ਪਿੰਡ ਵਿੱਚ ਹੀ ਬੇਇੱਜਤੀ ਕਰਵਾ ਦੇਣੀ ਹੈ, ਤੇ ਦੋਸ਼ੀ ਕਰਨਵੀਰ ਸਿੰਘ ਦੇ ਬਾਕੀ ਪਰਿਵਾਰਿਕ ਮੈਬਰਾਂ ਨੂੰ ਕਿਹਾ ਕਿ ਇਸਨੂੰ ਸਮਝਾ ਕੇ ਫੋਟੋਆਂ ਵਾਇਰਲ ਕਰਨ ਤੋਂ ਰੋਕਿਆ ਜਾਵੇ ਪਰ ਉਸਦੇ ਪਰਿਵਾਰਿਕ ਮੈਬਰਾਂ ਨੇ ਕੋਈ ਸ਼ਪੱਸ਼ਟ ਜਵਾਬ ਨਹੀਂ ਦਿੱਤਾ । ਇਹ ਦੋਸ਼ੀਆਨ ਮਿਲੀਭੁਗਤ ਕਰਕੇ ਮੁੱਦਈਆ ਤੇ ਉਸਦੇ ਪਰਿਵਾਰ ਦੇ ਬੇਇੱਜਤੀ ਕਰ ਰਹੇ ਹਨ ਤੇ ਉਸਦੇ ਮਾਨ ਸਨਮਾਨ ਨੂੰ ਠੇਸ ਪਹੁੰਚਾ ਰਹੇ ਹਨ । | - | ਸ:ਥ ਬਲਜੀਤ ਸਿੰਘ 96-462 92-447 |

| ਲੜੀ ਨੰ: | ਥਾਣੇ ਦਾ ਨਾਮ | ਮੁੱਕਦਮਾ ਨੰਬਰ, ਮਿਤੀ ਤੇ ਜੁਰਮ | ਘਟਨਾ ਦਾ ਸਮਾਂ, ਤਰੀਖ ਤੇ ਵਕੂਆ | ਮੁੱਦਈ ਦਾ ਪੂਰਾ ਪਤਾ, ਉਮਰ ਤੇ ਮੋਬਾਇਲ ਨੰਬਰ, | ਦੋਸ਼ੀ ਦਾ ਨਾਮ ਤੇ ਪੂਰਾ ਪਤਾ | ਦੋਸ਼ੀ ਗ੍ਰਿਫਤਾਰ ਹੈ ਜਾਂ ਨਹੀ | ਹਸਪਤਾਲ ਦਾ ਨਾਮ ਜਿੱਥੇ ਜਖ਼ਮੀ ਵਿਅਕਤੀ ਦਾਖਲ ਹੈ | ਪੀੜਤ ਦੀ ਉਮਰ ਅਗਵਾ, ਬਲਾਤਕਾਰ ਬਦਫੈਲੀ ਕੇਸਾਂ ਵਿੱਚ | ਸੰਖੇਪ ਹਲਾਤ | ਬਰਾਮਦਗੀ ਜੇਕਰ ਕੋਈ ਹੋਵੇ । | ਤਫਤੀਸ਼ੀ ਅਫ਼ਸਰ ਦਾ ਮੋ/ਨੰ: |
|---|---|---|---|---|---|---|---|---|---|---|---|
| 4 | ਗੁਰੂਹਰਸਹਾਏ | 40/10.02.2022 ਅ/ਧ 8(2),9 The Punjab Good Conduct Prisoners (Temporary Release) Act. 1962 | ਪੱਤਰ ਨੰਬਰ 8503 ਮਿਤੀ 12.04.2021 | ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ 01632-244013 | ਕੈਦੀ ਸੁਰਜੀਤ ਸਿੰਘ ਪੁੱਤਰ ਮੰਗਲ ਸਿੰਘ ਵਾਸੀ ਭੱਠਾ ਬਸਤੀ ਗੁਰੂਹਰਸਹਾਏ | ਗ੍ਰਿਫਤਾਰ ਹੈ । | - | - | ਕੈਦੀ ਸੁਰਜੀਤ ਸਿੰਘ ਪੁੱਤਰ ਮੰਗਲ ਸਿੰਘ ਵਾਸੀ ਭੱਠਾ ਬਸਤੀ ਗੁਰੂਹਰਸਹਾਏ ਜੋ ਮਿਤੀ 16.04.2020 ਨੂੰ 08 ਹਫ਼ਤੇ ਪੈਰੋਲ ਤੇ ਰਿਹਾਅ ਕੀਤਾ ਗਿਆ ਸੀ ਤੇ ਕੋਵਿਡ 19 ਦੀ ਮਹਾਂਮਾਰੀ ਦੇ ਮੁੱਦੇ ਨਜ਼ਰ ਹਾਈਪਾਵਰ ਕਮੇਟੀ ਦੀਆਂ ਹਦਾਇਤਾਂ ਅਨੁਸਾਰ ਸਮੇਂ ਸਮੇਂ ਪੈਰੋਲ ਵਿੱਚ ਵਾਧਾ ਕੀਤਾ ਗਿਆ ਸੀ, ਪ੍ਰੰਤੂ ਮੁੱਖ ਦਫ਼ਤਰ ਦੇ ਹਵਾਲੇ ਅਧੀਨ ਹੁਕਮਾਂ ਅਨੁਸਾਰ ਇਸ ਕੈਦੀ ਦੀ ਵਾਪਿਸੀ ਮਿਤੀ 08.04.2021 ਨੂੰ ਬਣਦੀ ਸੀ ਪ੍ਰੰਤੂ ਸੁਪਰਡੈਂਟ ਜੇਲ੍ਹ ਬਰਨਾਲਾ ਵੱਲੋਂ ਪੱਤਰ ਨੰਬਰ 1416 ਸੀ.ਟੀ ਮਿਤੀ 09.04.2021 ਰਾਹੀਂ ਇਸ ਦਫ਼ਤਰ ਨੂੰ ਜਾਣੂ ਕਰਾਇਆ ਗਿਆ ਹੈ ਕਿ ਇਹ ਕੈਦੀ ਮਿਤੀ 08.04.2021 ਨੂੰ ਜੇਲ੍ਹ ਵਿੱਚ ਹਾਜ਼ਰ ਨਹੀਂ ਹੋਇਆ ਹੈ, ਜਿਸ ਤੇ ਕੈਦੀ ਸੁਰਜੀਤ ਸਿੰਘ ਖਿਲਾਫ਼ ਮੁੱਕਦਮਾ ਦਰਜ ਰਜਿਸਟਰ ਕੀਤਾ ਗਿਆ ਹੈ । | - | ਸ:ਥ ਮਲਕੀਤ ਕੁਮਾਰ 84-378 00-534 |

ਜਸਪਾਲ ਸਿੰਘ ਸ:ਥ
ਪੁਲਿਸ ਕੰਟਰੋਲ ਰੂਮ ਫਿਰੋਜ਼ਪੁਰ
ਮਿਤੀ :- 11.02.2022